# ਅਨੁਸੂਚਿਤ ਜਾਤੀਆਂ ਦੇ ਬੇ-ਘਰੇ ਪਰਿਵਾਰਾਂ ਨੂੰ ਮਕਾਨ ਬਣਾਉਣ ਲਈ ਗ੍ਰਾਂਟ ਦੇਣ ਦੀ ਸਕੀਮ

ਭਲਾਈ ਵਿਭਾਗ ਵਲੋਂ ਅਨੁਸੂਚਿਤ ਜਾਤੀਆਂ ਦੇ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਬੇ-ਘਰੇ ਅਤੇ ਕੱਚੇ (ਨਾ ਰਹਿਣਯੋਗ) ਮਕਾਨਾਂ ਵਿੱਚ ਰਹਿਣ ਵਾਲੇ ਪਰਿਵਾਰਾਂ ਲਈ ਪੱਕੇ ਮਕਾਨ ਬਣਾਉਣ ਵਾਸਤੇ ਐਸ.ਸੀ.ਐਚ.(ਡੀ)-1-ਹਾਊਸਿਜ਼ ਟੂ ਹਾਊਸਲੈੱਸ ਐਸ.ਸੀਜ਼ ਇੰਨ ਰੂਰਲ ਐਂਡ ਅਰਬਨ ਏਰੀਆ (ਜਿਲ੍ਹਾ ਪਲਾਨ) ਸਕੀਮ ਚਲਾਈ ਜਾ ਰਹੀ ਹੈ। ਸਕੀਮ ਅਨੁਸਾਰ ਪੇਂਡੂ ਅਤੇ ਸ਼ਹਿਰੀ ਖੇਤਰ ਵਿੱਚ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਬੇਘਰੇ ਪਰਿਵਾਰਾਂ/ਲੋਕਾਂ ਨੂੰ ਮਕਾਨ ਬਣਾਉਣ ਲਈ 20,000/-ਰੁਪਏ ਦੀ ਗ੍ਰਾਂਟ ਦਿੱਤੀ ਜਾਂਦੀ ਸੀ। ਵਿੱਤੀ ਸਾਲ 2008-09 ਤੋਂ ਰਾਜ ਸਰਕਾਰ ਵਲੋ ਇਸ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਦੇ ਬੇਘਰੇ ਪਰਿਵਾਰਾਂ ਜਿਨ੍ਹਾਂ ਦੀ ਸਾਲਾਨਾ ਆਮਦਨ 1.00 ਲੱਖ ਰੁਪਏ ਜਾਂ ਇਸ ਤੋਂ ਘੱਟ ਹੋਵੇ ਨੂੰ ਮਕਾਨ ਬਣਾਉਣ ਲਈ 50,000/-ਰੁਪਏ ਅਤੇ ਪਹਿਲਾਂ ਬਣੇ ਕੱਚੇ/ਪੱਕੇ ਮਕਾਨਾਂ ਨੂੰ ਪੱਕਾ ਕਰਨ ਲਈ 20,000/-ਰੁਪਏ ਪ੍ਰਤੀ ਲਾਭਪਾਤਰੀ ਦੀ ਦਰ ਨਾਲ ਗ੍ਰਾਂਟ ਦਿੱਤੀ ਜਾਂਦੀ ਹੈ। ਮਕਾਨ ਦੇ ਇੱਕ ਯੂਨਿਟ ਵਿੱਚ ਇੱਕ ਕਮਰਾ, ਰਸੋਈ ਅਤੇ ਬਾਥਰੂਮ ਦੀ ਥਾਂ ਤੇ ਇਸ ਸਕੀਮ ਅਧੀਨ ਦਿੱਤੀ ਜਾਣ ਵਾਲੀ 50,000/-ਰੁਪਏ ਦੀ ਗਰਾਂਟ ਨਾਲ ਇੰਦਰਾ ਅਵਾਸ ਯੋਜਨਾ ਦੇ ਆਧਾਰ ਤੇ ਕੰਪਲੀਟ ਯੂਨਿਟ ਤਿਆਰ ਕਰਨ ਸਬੰਧੀ ਵਿਚਾਰ ਕਰਦੇ ਹੋਏ ਟੁਆਇਲਟ ਬਣਾਉਣ ਲਈ ਰਾਸ਼ੀ ਦਾ ਉਪਬੰਧ ਰੂਰਲ ਸੈਨੀਟੇਸ਼ਨ ਪ੍ਰੋਗਰਾਮ ਤਹਿਤ ਕੀਤਾ ਜਾਣਾ ਹੈ।